# *PMS Recovery Manager :* ਇਕ ਨਜ਼ਰ

**Recovery Manager :**

PMS ਵਿੱਚ ਕਿਸੇ ਵੀ ਤਰਾਂ ਦੀ ਰਿਕਵਰੀ ਅਤੇ ਉਸ ਦੀਆਂ ਬਣਦੀਆਂ ਕਿਸ਼ਤਾ ਅਨੁਸਾਰ ਕਟੌਤੀ ਕਰਨੀ ਅਤੇ ਉਸ ਦਾ ਪੂਰਾ ਰਿਕਾਰਡ ਰੱਖਣ ਲਈ ਬਣਾਏ ਗਏ ਮਡੀਊਲ ਨੂੰ Recovery Manager ਦਾ ਨਾਮ ਦਿੱਤਾ ਗਿਆ ਹੈ

ਕਿਸੇ ਵੀ ਤਰਾਂ ਦੀ ਰਿਕਵਰੀ ਤੋਂ ਭਾਵ GPF Recovery/ ROP/ HBA(P)/ HBA(I)/ SCA(P)/ SCA(I)/ Festival Advance/ Wheat Loan ਆਦਿ ਹੈ।

**Recovery Manager ਦੇ ਲਾਭ :**

1. ਉਪਰੋਕਤ ਰਿਕਵਰੀ ਦੀ ਐਂਟਰੀ ਇੱਕ ਵਾਰ ਰਿਕਵਰੀ ਮੈਨੇਜਰ ਵਿੱਚ ਦਰਜ ਕਰਨ ਨਾਲ ਇਹ ਆਪਣੇ ਆਪ ਕਰਮਚਾਰੀ ਦੀ ਡਿਟੇਲ ਵਿੱਚ ਵੀ ਦਰਜ ਹੋ ਜਾਂਦੀ ਹੈ। "**Modify Employee**" ਵਿੱਚ ਜਾ ਕੇ ਰਿਕਵਰੀ ਦੀ ਡਿਟੇਲ ਨਹੀਂ ਭਰਨੀ ਪੈਂਦੀ।
2. ਰਿਕਵਰੀ ਦੀਆਂ ਕਿਸ਼ਤਾਂ ਪੂਰੀਆਂ ਹੋਣ ਜਾਣ ਉਪਰੰਤ ਆਪਣੇ ਆਪ ਹੀ ਰਿਕਵਰੀ ਬੰਦ ਹੋ ਜਾਵੇਗੀ।। "**Modify Employee**" ਵਿੱਚ ਜਾ ਕੇ ਰਿਕਵਰੀ ਦੀ ਡਿਟੇਲ ਬਦਲਨੀ ਨਹੀਂ ਪੈਂਦੀ।
3. ਰਿਕਵਰੀ ਦੀ ਹਰ ਕਿਸ਼ਤ ਦਾ ਵੇਰਵਾ (ਕਿਸ਼ਤ ਦੀ ਗਿਣਤੀ,ਪਹਿਲਾਂ ਅਦਾ ਕੀਤੀ ਰਕਮ, ਹੋਣ ਤੱਕ ਕੁੱਲ ਅਦਾ ਕੀਤੀ ਰਕਮ ਅਦਿ) ਸ਼ਡਿਊਲ ਵਿੱਚ ਦਰਜ ਹੋਵੇਗਾ।
4. ਕਿਸੇ ਵੀ ਕਿਸਮ ਦੀ ਰਿਕਵਰੀ ਜੋ ਪਹਿਲਾਂ ਤੋਂ ਚੱਲਦੀ ਆ ਰਹੀ ਹੈ, ਉਸ ਦੀ ਜਾਣਕਾਰੀ ਭਰ ਕੇ ਉਸੇ ਤਰਾਂ **continue** ਕੀਤਾ ਜਾ ਸਕਦਾ ਹੈ।
5. ਕਿਸੇ ਕਰਮਚਾਰੀ ਦੀ ਇੱਕ ਤੋਂ ਵੱਧ ਤਰਾਂ ਦੀ ਰਿਕਵਰੀ ਵੀ **create** ਕੀਤੀ ਜਾ ਸਕਦੀ ਹੈ।

**Recovery Manager ਵਿੱਚ ਕੰਮ ਕਰਨ ਦੀ ਵਿਧੀ :**

1. **Payroll >>Recovery Manager**




2. ਜਿਸ ਵੀ ਕਰਮਚਾਰੀ ਦੀ ਰਿਕਵਰੀ ਸ਼ੁਰੂ ਕਰਨੀ ਹੈ, ਉਸ ਕਰਮਚਾਰੀ ਦਾ ਨਾਮ ਚੁਣੋ ਅਤੇ Create New Recovery ਦੇ ਬਟਨ ਉਪਰ ਕਲਿੱਕ ਕਰੋ।
3. ਦਿੱਤੇ ਹੋਏ ਕਾਲਮਾਂ ਵਿੱਚ ਸਬੰਧਤ ਜਾਣਕਾਰੀ ਭਰੋ ਅਤੇ Save ਦੇ ਬਟਨ ਉਪਰ ਕਲਿੱਕ ਕਰੋ।



4. ਸਬੰਧਤ ਕਰਮਚਾਰੀ ਦੀ ਰਿਕਵਰੀ Save ਹੋਣ ਤੋਂ ਬਾਅਦ ਉਪਰ ਬਣੇ ਗਰਿਡ ਬਾਕਸ ਵਿੱਚ ਆ ਜਾਵੇਗੀ।
5. ਜੇਕਰ ਕਿਸੇ ਵੀ ਕਰਮਚਾਰੀ ਦੀ ਪਹਿਲਾਂ ਤੋਂ Save ਕੀਤੀ ਹੋਈ ਰਿਕਵਰੀ ਡਿਟੇਲ ਨੂੰ ਬਦਲਣਾ ਹੈ ਤਾਂ ਉਸ ਲਈ ਪਹਿਲਾਂ ਸਬੰਧਤ ਕਰਮਚਾਰੀ ਦੇ ਨਾਮ ਤੇ ਕਲਿੱਕ ਕਰੋ ਅਤੇ ਗਰਿਡ ਬਾਕਸ ਵਿੱਚ ਸਬੰਧਤ ਰਿਕਵਰੀ ਉਪਰ ਕਲਿੱਕ ਕਰੋ ਅਤੇ ਫਿਰ ਹੇਠਾਂ ਬਾਕਸ ਵਿੱਚ ਦਿੱਤੀ ਹੋਈ ਜਾਣਕਾਰੀ ਨੂੰ ਬਦਲਣ ਉਪਰੰਤ Update ਬਟਨ ਉਪੱਰ ਕਲਿੱਕ ਕਰ ਦਿਓ।




# Thanks

Email : jsandhu76@gmail.com